# ਵਿਰੋਧੀ ਸ਼ਬਦ

| | |
|---|---|
| ਆਸਤਕ | - ਨਾਸਤਕ |
| ਆਈ | - ਗਈ |
| ਆਮਦਨ | - ਖਰਚ |
| ਅਦਿ | - ਅੰਤ |
| ਅਮੀਰ | - ਗਰੀਬ |
| ਅਸਲੀ | - ਨਕਲੀ |
| ਉੱਦਮ | - ਆਲਸ |
| ਆਦਰ | - ਨਿਰਾਦਰ |
| ਸਸਤਾ | - ਮਹਿੰਗਾ |
| ਸਮਰੱਥ | - ਅਸਮਰੱਥ |
| ਸਰਾਪ | - ਵਰ |
| ਸੋਗ | - ਖੁਸ਼ੀ |
| ਸ਼ਰਮੀਲਾ | - ਬੇਸ਼ਰਮ |
| ਹਲਾਲ | - ਹਰਾਮ |
| ਕੁੜੱਤਣ | - ਮਿਠਾਸ |
| ਕਾਰੀਗਰ | - ਅਨਾੜੀ |
| ਖੱਟਾ | - ਮਿੱਠਾ |
| ਧਰਤ | - ਆਸਮਾਨ |
| ਗੁਪਤ | - ਪਰਗਟ |
| ਨਵੀਨ | - ਪੁਰਾਤਨ |
| ਦੁਖਾਂਤ | - ਸੁਖਾਂਤ |
| ਦੁਰਾਚਾਰ | - ਸਦਾਚਾਰ |
| ਪਵਿੱਤਰ | - ਅਪਵਿੱਤਰ |
| ਵਰ | - ਵਹੁਟੀ |
| ਖੁਸ਼ੀ | - ਗਮੀ |
| ਭੋਲ਼ਾ | - ਮੱਕਾਰ,ਖਚਰਾ |
| ਮੋਨਾ | - ਕੇਸਧਾਰੀ |
| ਜਿੱਤਣਾ | - ਹਾਰਨਾ |
| ਬਰੀਕ | - ਮੋਟਾ |
| ਸਵੇਰ | - ਸ਼ਾਮ |
| ਇਮਾਨਦਾਰ | - ਬੇਈਮਾਨ |
| ਉਧਾਰ | - ਨਕਦ |
| ਸਪੁੱਤਰ | - ਕਪੁੱਤਰ |
| ਇਕਹਿਰਾ | - ਦੋਹਰਾ |
| ਸੜੀਅਲ | - ਹਸਮੁੱਖ |
| ਹੁਸ਼ਿਆਰ | - ਨਲਾਇਕ |
| ਗਿਆਨੀ | - ਅਗਿਆਨੀ |
| ਗੁਲਾਮੀ | - ਅਜ਼ਾਦੀ |
| ਚੰਗਿਆਈ | - ਬੁਰਿਆਈ |
| ਵਸਣਾ | - ਉਜੜਨਾ |
| ਏਕਤਾ | - ਫੁੱਟ |
| ਤਕੜਾ | - ਮਾੜਾ |
| ਅੰਨ੍ਹਾ | - ਸੁਜਾਖਾ |
| ਸੱਖਣਾ | - ਭਰਿਆ |
| ਓਪਰਾ | - ਜਾਣੂ |
| ਸੰਝ | - ਸਵੇਰ |
| ਅਰੰਭ | - ਅੰਤ |
| ਉਧਾਰ | - ਨਕਦ |
| ਖੱਟਣਾ | - ਗੁਆਉਣਾ |
| ਮਿੱਤਰ | - ਦੁਸ਼ਮਣ |
| ਪਾਪ | - ਪੁੰਨ |
| ਡੋਬਣਾ | - ਤਾਰਨਾ |
| ਨਿਡਰ | - ਡਰਪੋਕ |
| ਘੱਟਣਾ | - ਵੱਧਣਾ |
| ਦਾਤਾ | - ਭਿਖਾਰੀ |
| ਨੇਕੀ | - ਬਦੀ |

# ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

1. ਜਿਹੜਾ ਕਿਸੇ ਦੀ ਕੀਤੀ ਨੇਕੀ ਜਾਣੇ - ਕ੍ਰਿਤੱਗ
2. ਜੋ ਕਦੇ ਥੱਕੇ ਹੀ ਨਾ - ਅਣਥੱਕ
3. ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ - ਅਕ੍ਰਿਤਘਣ
4. ਜਦੋਂ ਮੀਂਹ ਦੀ ਘਾਟ ਕਾਰਨ ਫਸਲਾਂ ਤਬਾਹ ਹੋਣ - ਔੜ,ਸੋਕਾ
5. ਉਹ ਗੱਲ ਜਿਹੜੀ ਦੁਨੀਆ ਨਾਲ ਬੀਤੀ ਹੋਵੇ - ਜੱਗ-ਬੀਤੀ
6. ਉਹ ਗੱਲ ਜਿਹੜੀ ਆਪ ਨਾਲ ਬੀਤੀ ਹੋਵੇ - ਆਪ-ਬੀਤੀ
7. ਉਹ ਥਾਂ ਜਿਹੜੀ ਸਾਰੇ ਪਿੰਡ ਦੀ ਸਾਂਝੀ ਹੋਵੇ - ਸ਼ਾਮਲਾਟ
8. ਸਾਰਿਆਂ ਦੀ ਸਾਂਝੀ ਮਿਲਵੀ ਰਾਇ - ਸਰਬ-ਸੰਮਤੀ
9. ਕਿਸੇ ਲੇਖਕ/ਕਲਾਕਾਰ ਦੀ ਸਭ ਤੋਂ ਉੱਤਮ ਰਚਨਾ- ਸ਼ਾਹਕਾਰ
10. ਬਹੁਤੀਆਂ ਕੌਮਾਂ ਨਾਲ ਸੰਬੰਧ ਰੱਖਣ ਵਾਲਾ - ਕੌਮਾਂਤਰੀ
11. ਜੋ ਧੋਖਾ ਦੇਵੇ ਤੇ ਔਖੇ ਵੇਲੇ ਸਾਥ ਛੱਡ ਦੇਵੇ - ਗ਼ਦਾਰ
12. ਉਹ ਪੁਸਤਕ ਜਿਸ ਵਿੱਚ ਲਿਖਾਰੀ ਨੇ ਆਪਣੀ ਜੀਵਨੀ ਜਾਂ ਆਪਣੇ ਜੀਵਨ ਦਾ ਹਾਲ ਆਪ ਲਿਖਿਆ ਹੋਵੇ - ਸਵੈ ਜੀਵਨੀ
13. ਉਹ ਗੀਤ ਜਿਸ ਨੂੰ ਦੋ ਤੋਂ ਵੱਧ ਵਿਅਕਤੀ ਮਿਲ ਕੇ ਗਾਉਣ- ਸਹਿਗਾਣ
14. ਕਿਸੇ ਸਵਾਰਥ ਅਧੀਨ ਦੂਜਿਆਂ ਦੀ ਝੂਠੀ ਪ੍ਰਸੰਸਾ ਕਰਨ ਵਾਲਾ - ਖੁਸ਼ਾਮਦੀ
15. ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ - ਅਖਾੜਾ
16. ਉਹ ਪਾਠ ਜੋ ਅਰੰਭ ਤੋਂ ਲੈ ਕੇ ਅੰਤ ਤੱਕ ਲਗਾਤਾਰ ਕੀਤਾ ਜਾਵੇ- ਅਖੰਡਪਾਠ
17. ਜਿਸ ਨੂੰ ਕਿਸੇ ਕੰਮ ਦਾ ਤਜ਼ਰਬਾ ਨਾ ਹੋਵੇ - ਅਨਾੜੀ, ਅੱਲ੍ਹੜ
18. ਜਿਹੜਾ ਕਦੇ ਇੱਕ ਧੜੇ ਨਾਲ ਕਦੇ ਦੂਜੇ ਧੜੇ ਨਾਲ ਹੋਵੇ- ਦਲ-ਬਦਲੂ
19. ਜਿਸ ਥਾਂ ਰੁਪਏ ਆਦਿ ਦੇ ਸਿੱਕੇ ਬਣਾਏ ਜਾਂਦੇ ਹਨ - ਟਕਸਾਲ
20. ਘਰ ਵਿੱਚ ਹੋਇਆ ਪਹਿਲਾ ਪੁੱਤਰ/ਪੁੱਤਰੀ - ਜੇਠਾ/ਜੇਠੀ, ਪਲੇਠਾ/ਪਲੇਠੀ
21. ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ - ਵਰ੍ਹੀਣਾ, ਬਰਸੀ
22. ਜੋ ਉੱਨਤੀ ਕਰਨ ਵਾਲਾ ਹੋਵੇ - ਹੋਣਹਾਰ
23. ਜਿਹੜਾ ਬਹੁਤ ਗੱਲਾਂ ਕਰੇ - ਗਾਲੜੀ
24. ਉਹ ਥਾਂ ਜਿੱਥੇ ਘੋੜੇ ਬੱਝਦੇ ਹੋਣ - ਤਬੇਲਾ
25. ਜਿਹੜਾ ਕਈ ਰੂਪ ਧਾਰ ਲਏ - ਬਹੁ-ਰੂਪੀਆ
26. ਲੋਹੇ ਦਾ ਕੰਮ ਕਰਨ ਵਾਲਾ - ਲੁਹਾਰ
27. ਜਿਹੜਾ ਅੰਨ੍ਹੇ-ਵਾਹ ਦੂਜਿਆਂ ਦੇ ਮਗਰ ਲੱਗੇ - ਲਾਈ-ਲੱਗ
28. ਜੋ ਫ਼ਸਲ ਠੀਕ ਸਮੇਂ ਤੋਂ ਪਹਿਲਾਂ ਬੀਜੀ ਜਾਵੇ - ਅਗੇਤੀ